# ਹਰਿਮੰਦਰ ਸਾਹਿਬ ਉਤੇ ਫੌਜੀ ਹਮਲੇ ਦੀ 22ਵੀਂ ਵਰ੍ਹੇ-ਗੰਢ

22 ਸਾਲ ਪਹਿਲਾਂ 3-6 ਜੂਨ,1984 ਨੂੰ ਕੇਂਦਰ ਦੀ ਇੰਦਰਾ ਗਾਂਧੀ ਦੀ ਕਾਂਗਰਸ ਸਰਕਾਰ ਦੇ ਹੁਕਮ ਹੇਠ ਅਤੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦੀ ਛਤਰਛਾਇਆ ਹੇਠ ਹਿੰਦੁਸਤਾਨ ਦੀ ਫੌਜ ਨੇ ਹਰਿਮੰਦਰ ਸਾਹਿਬ ਅਤੇ 38 ਹੋਰ ਗੁਰੁਦੁਅਰਿਆਂ ਉਤੇ ਵਹਿਸ਼ੀ ਹਮਲਾ ਕੀਤਾ ਜਿਸ ਵਿਚ ਹਜ਼ਾਰਾਂ ਨਿਰਦੋਸ਼ ਮਰਦਾਂ, ਔਰਤਾਂ ਅਤੇ ਬੱਚਿਆਂ ਦਾ ਕਤਲ ਕੀਤਾ ਗਿਆ ਸੀ। ਹਰਿਮੰਦਰ ਸਾਹਿਬ ਵਿਚ ਉਸ ਦਿਨ ਲੋਕ ਲੱਖਾਂ ਦੀ ਗਿਣਤੀ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੀ ਬਰਸੀ ਮਨਾਉਣ ਲਈ ਇਕੱਠੇ ਹੋਏ ਸਨ। ਇੰਦਰਾ ਗਾਂਧੀ ਦੀ ਸਰਕਾਰ ਨੇ ਇਸ ਮੌਕੇ ਉਤੇ ਪੰਜਾਬ ਵਿਚ ਭਾਰੀ ਤਾਦਾਦ ਪੰਜਾਬ ਵਿਚ ਫ਼ੌਜ ਭੇਜ ਕੇ ਗੁਰਦਵਾਰਿਆਂ ਉਤੇ ਫੌਜੀ ਚੜ੍ਹਾਈ ਕਰ ਦਿਤੀ ਤੇ ਸਰਕਾਰੀ ਦਹਿਸ਼ਤਗਰਦੀ ਦਾ ਬੋਲ ਬਾਲਾ ਕਾਇਮ ਕਰ ਦਿਤਾ ਸੀ। ਪੰਜਾਬ ਵਿਚ ਕਰਫਿਊ ਲਾ ਦਿਤਾ ਗਿਆ ਸੀ। ਇਸ ਦੇ ਬਾਅਦ ਕਈ ਸਾਲਾਂ ਤੱਕ ਹਜ਼ਾਰਾਂ ਹੀ ਨੌਜਵਾਨਾਂ ਨੂੰ ਫ਼ਰਜ਼ੀ ਮੁਕਾਬਲਿਆਂ ਵਿਚ ਪੰਜਾਬ ਦੀ ਪੁਲਿਸ ਅਤੇ ਸੀ ਆਰ ਪੀ ਨੇ ਕਤਲ ਕੀਤਾ ਸੀ।

ਹਰਿਮੰਦਰ ਸਾਹਿਬ ਉਤੇ ਇਹ ਹਮਲਾ ਇਕ ਗਿਣੀ ਮਿਥੀ ਸਕੀਮ ਨਾਲ ਕੀਤਾ ਗਿਆ ਸੀ ਜਿਹਨੂੰ ਤਕਰੀਬਨ ਸਾਰੀਆਂ ਹੀ ਸਿਆਸੀ ਪਾਰਟੀਆਂ ਅਤੇ ਮੀਡੀਏ ਦੀ ਹਮਾਇਤ ਹਾਸਿਲ ਸੀ। ਫੌਜ ਤਕਰੀਬਨ ਦੋ ਸਾਲਾਂ ਤੋਂ ਇਕ ਫੌਜੀ ਛਾਉਣੀ ਵਿਚ ਹਰਮੰਦਰ ਸਾਹਿਬ ਦਾ ਇਕ ਮਾਡਲ ਬਣਾ ਕੇ ਇਹਦੇ ਉਤੇ ਹਮਲਾ ਕਰਨ ਦੀ ਤਿਆਰੀ ਅਤੇ ਅਭਿਆਸ ਕਰਦੀ ਰਹੀ ਸੀ। ਨਿਹੱਥੇ ਆਦਮੀ, ਔਰਤਾਂ ਅਤੇ ਬੱਚਿਆਂ ਦਾ ਕਤਲ ਕਰਨ ਲਈ ਇੰਦਰਾ ਗਾਂਧੀ ਦੀ ਸਰਕਾਰ ਨੇ ਬਾਅਦ ਵਿਚ ਹਮਲਾਵਰ ਫੌਜ ਦੇ ਅਫਸਰਾਂ ਨੂੰ ਤਗਮੇ ਵੀ ਦਿਤੇ ਸਨ। ਮਨਮੋਹਨ ਸਿੰਘ ਦੀ ਕੇਂਦਰੀ ਸਰਕਾਰ ਅੱਜ ਵੀ ਇਸ ਹਮਲੇ ਨੂੰ ਜਾਇਜ਼ ਹੀ ਕਹਿੰਦੀ ਹੈ। ਬਹੁਤ ਸਾਰੇ ਅਖ਼ਬਾਰਾਂ ਨੇ ਵੀ ਇਸ ਹਮਲੇ ਦੀ ਹਿਮਾਇਤ ਵਿਚ ਸੰਪਾਦਕੀ ਲੇਖ ਲਿਖੇ ਅਤੇ ਅਖ਼ਬਾਰਾਂ ਦੇ ਸੰਪਾਦਕਾਂ ਦੀ ਕਾਨਫਰੰਸ ਅਤੇ ਪ੍ਰੈਸ ਕਲਬ ਨੇ ਇਸ ਹਮਲੇ ਦੀ ਹਿਮਾਇਤ ਵਿਚ ਖਾਸ ਬਿਆਨ ਵੀ ਜਾਰੀ ਕੀਤੇ। ਸੂਚਨਾ ਮੰਤ੍ਰੀ ਐਚ ਕੇ ਐਲ ਭਗਤ ਨੇ ਇਕ ਮਹੀਨਾ ਪਹਿਲਾਂ ਅਖਬਾਰਾਂ ਦੇ ਸੰਪਾਦਕਾਂ ਨਾਲ ਗੱਲਬਾਤ ਕੀਤੀ ਸੀ ਅਤੇ ਉਨ੍ਹਾਂ ਨੇ ਉਸ ਨੂੰ ਯਕੀਨ ਦੁਆਇਆ ਸੀ ਕਿ ਜੇ ਸਰਕਾਰ ਕੋਈ ਸਖ਼ਤ ਐਕਸ਼ਨ ਲਵੇਗੀ ਤਾਂ ਉਹ ਹਿਮਾਇਤ ਕਰਨਗੇ।

ਹਰਿਮੰਦਰ ਸਾਹਿਬ ਤੇ ਇਸ ਵਹਿਸ਼ੀਆਨਾ ਹਮਲੇ ਦੀ ਹਮਾਇਤ ਉਸ ਵੇਲੇ ਹਾਕਮ ਜਮਾਤਾਂ ਦੀਆਂ ਸਾਰੀਆਂ ਹੀ ਪਾਰਟੀਆਂ ਨੇ ਕੀਤੀ ਸੀ। ਬੀ.ਜੇ.ਪੀ, ਸੀ.ਪੀ.ਆਈ (ਐਮ) ਅਤੇ ਸੀ.ਪੀ.ਆਈ.ਅਤੇ ਹੋਰਨਾਂ ਪਾਰਟੀਆਂ ਨੇ ਇਸ ਸਰਕਾਰੀ ਦਹਿਸ਼ਤਗਰਦੀ ਨੂੰ ਹਿੰਦੁਸਤਾਨ ਦੀ ਏਕਤਾ ਅਤੇ ਅਖੰਡਤਾ ਬਚਾਉਣ ਲਈ ਜ਼ਰੂਰੀ ਦੱਸਿਆ ਸੀ। ਹਰਿਮੰਦਰ ਸਾਹਿਬ ਉਤੇ ਹਮਲੇ ਵੇਲੇ ਅਕਾਲੀ ਪਾਰਟੀ ਦੇ ਕਈ ਵੱਡੇ ਵੱਡੇ ਲੀਡਰਾਂ ਨੇ ਇੰਦਰਾ ਗਾਂਧੀ ਦੇ ਸਰਕਾਰੀ ਜਬਰ ਜ਼ੁਲਮ ਅੱਗੇ ਗੋਡੇ ਟੇਕ ਦਿਤੇ ਅਤੇ ਹੱਥ ਖੜੇ ਕਰਕੇ ਹਰਿਮੰਦਰ ਸਾਹਿਬ ਵਿਚੋਂ ਬਾਹਰ ਆ ਗਏ। ਇੰਦਰਾ ਗਾਂਧੀ ਸਰਕਾਰ ਵਲੋਂ ਹਰਿਮੰਦਰ ਸਾਹਿਬ ਤੇ ਹਮਲੇ ਬਾਰੇ ਜਾਰੀ ਕੀਤੇ ਸਫ਼ੈਦ ਪਰਚੇ ਵਿਚ ਸਰਕਾਰ ਨੇ ਦੱਸਿਆ ਸੀ ਕਿ ਅੰਦਰਖਾਤੇ ਅਕਾਲੀ ਪਾਰਟੀ ਦੇ ਲੀਡਰ ਵੀ ਇਸ ਹਮਲੇ ਦੀ ਹਿਮਾਇਤ ਹੀ ਕਰ ਰਹੇ ਸਨ। ਇਹ ਹਮਲਾ ਅਕਾਲੀ ਲੀਡਰਾਂ ਅਤੇ ਸੀ.ਪੀ.ਆਈ(ਐਮ) ਦੇ ਲੀਡਰਾਂ ਨਾਲ ਸਲਾਹ ਮਸ਼ਵਰਾ ਕਰਕੇ ਹੀ ਕੀਤਾ ਗਿਆ ਸੀ ।ਮਨਮੋਹਨ ਸਿੰਘ ਨੇ ਵੀ ਉਸ ਵੇਲੇ ਇਸ ਹਮਲੇ ਦੀ ਹਿਮਾਇਤ ਕੀਤੀ ਸੀ ਅਤੇ ਅੱਜ ਵੀ ਹਿਮਾਇਤ ਹੀ ਕਰਦਾ ਹੈ। ਹਾਕਮ ਜਮਾਤਾਂ ਦੇ ਸਾਰੇ ਹੀ ਅਖ਼ਬਾਰਾਂ ਅਤੇ ਮੀਡੀਏ ਨੇ ਵੀ ਇਸ ਸਰਕਾਰੀ ਦਹਿਸ਼ਤਗਰਦੀ ਦੀ ਪੂਰੀ ਹਿਮਾਇਤ ਕੀਤੀ ਸੀ। ਲੇਕਿਨ ਨਾਗਾਲੈਂਡ ਅਤੇ ਮਣੀਪੁਰ ਦੇ ਅਖ਼ਬਾਰਾਂ ਨੇ ਇਸ ਹਮਲੇ ਦੀ ਪੁਰਜ਼ੋਰ ਨਿਖੇਧੀ ਕੀਤੀ ਸੀ।

ਪੰਜਾਬ, ਹਿੰਦੁਸਤਾਨ ਅਤੇ ਬਾਹਰਲੇ ਮੁਲਕਾਂ ਵਿਚ ਵਸਦੇ ਪੰਜਾਬੀਆਂ ਅਤੇ ਮਨੁੱਖੀ ਹੱਕਾਂ ਦੀ ਰਾਖੀ ਕਰਨ ਵਾਲੇ ਹੋਰ ਲੋਕਾਂ ਅਤੇ ਜਥੇਬੰਦੀਆਂ ਨੇ ਵੀ ਇਸ ਵਹਿਸ਼ੀ ਹਮਲੇ ਦੀ ਸਖ਼ਤ ਨਿਖੇਧੀ ਕੀਤੀ ਸੀ। ਹਿੰਦੁਸਤਾਨ ਅਤੇ ਹਿੰਦੁਸਤਾਨ ਤੋਂ ਬਾਹਰ ਦੇ ਲੋਕਾਂ ਨੇ ਰੈਲੀਆਂ ਅਤੇ ਮੁਜ਼ਾਹਰਿਆਂ ਰਾਹੀਂ ਇਸ ਹਮਲੇ ਖਿਲਾਫ਼ ਆਪਣਾ ਰੋਸ ਜ਼ਾਹਿਰ ਕੀਤਾ ਸੀ।

22 ਸਾਲ ਬਾਅਦ ਹਿੰਦੁਸਤਾਨੀ ਸਰਕਾਰ ਦੀ ਦਹਿਸ਼ਤਗਰਦੀ ਅੱਜ ਵੀ ਜਾਰੀ ਹੈ। ਕਸ਼ਮੀਰ ਵਿਚ ਲੱਖਾਂ ਫੌਜੀ ਤੈਨਾਤ ਹਨ ਜੋ ਰੋਜ਼ ਕਸ਼ਮੀਰੀਆਂ ਉਤੇ ਹਮਲੇ ਕਰਦੇ ਹਨ ਅਤੇ ਉਨ੍ਹਾਂ ਦੀ ਲਾਹ ਪਾਹ ਕਰਦੇ ਹਨ। ਇਹੋ ਹਾਲ ਮਣੀਪੁਰ, ਨਾਗਾਲੈਂਡ, ਤ੍ਰਿਪੁਰਾ ਦੇ ਇਲਾਕਿਆਂ ਵਿਚ ਹੈ। ਹਰਮੰਦਰ ਸਾਹਿਬ ਦੇ ਹਮਲੇ ਵਾਂਗ ਹੀ ਹਾਕਮ ਜਮਾਤਾਂ ਦੀਆਂ ਸਾਰੀਆਂ ਹੀ ਪਾਰਟੀਆਂ ਅਤੇ ਉਨ੍ਹਾਂ ਦਾ ਮੀਡੀਆ ਇਸ ਦਹਿਸ਼ਤਗਰਦੀ ਦੀ ਭਰਪੂਰ ਹਿਮਾਇਤ ਕਰ ਰਹੇ ਹਨ।

ਲੋਕਾਂ ਨੂੰ ਇਸ ਗੱਲ ਬਾਰੇ ਸੋਚਣ ਦੀ ਲੋੜ ਹੈ ਅਤੇ ਸਭਨਾਂ ਦੇ ਹੱਕਾਂ ਦੀ ਰਾਖੀ ਲਈ ਇਸ ਰਾਜਤੰਤ੍ਰ ਦਾ ਖ਼ਾਤਮਾ ਕਰਕੇ ਇਕ ਨਵੀ ਸਿਆਸੀ ਤਾਕਤ ਕਾਇਮ ਕਰਨ ਬਾਰੇ ਵਿਚਾਰ ਵਟਾਂਦਰਾ ਕਰਨ ਦੀ ਲੋੜ ਹੈ ਜੋ ਕਿ ਸਭਨਾਂ ਦੇ ਹੱਕਾਂ ਦੀ ਰਾਖੀ ਦੀ ਅਤੇ ਉਨ੍ਹਾਂ ਦੇ ਸੁੱਖ ਅਤੇ ਰੱਖਿਆ ਦੀ ਜ਼ਾਮਨੀ ਦੇਵੇ। ਹਾਕਮ ਜਮਾਤਾਂ ਦੇ ਕਿਸੇ ਵੀ ਅਦਾਰੇ ਤੋਂ ਕੋਈ, ਇਨਸਾਫ਼, ਰਾਹਤ ਜਾਂ ਹੱਕ ਲੋਕਾਂ ਨਹੀਂ ਮਿਲ ਸਕਦੇ। ਲੇਕਿਨ, ਲੋਕ ਆਪਣੇ ਪੈਰਾਂ ਤੇ ਖੜੇ ਹੋ ਕੇ ਆਪ ਆਪਣੇ ਸੰਘਰਸ਼, ਏਕੇ, ਸੇਧ ਅਤੇ ਨਜ਼ਰੀਏ ਰਾਹੀਂ ਇਹ ਕੰਮ ਕਰ ਸਕਦੇ ਹਨ।